BRAMPTON Flower City
brampton.ca

media release

25 ਸਤੰਬਰ, 2018

# ਐਡਵਾਂਸ ਵੋਟਿੰਗ 2 ਅਕਤੂਬਰ, 2018 ਨੂੰ ਸ਼ੁਰੂ ਹੋਵੇਗੀ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਦੀਆਂ ਮਿਊਨਿਸਿਪਲ ਚੋਣਾਂ (Brampton's Municipal Election) ਵਿੱਚ ਐਡਵਾਂਸ ਵੋਟਿੰਗ (Advance Voting) ਅਗਲੇ ਹਫ਼ਤੇ ਸ਼ੁਰੂ ਹੋਵੇਗੀ, ਅਤੇ ਅਕਤੂਬਰ ਵਿੱਚ ਅੱਠ ਦਿਨਾਂ ਤੱਕ ਹੁੰਦੀ ਰਹੇਗੀ। ਐਡਵਾਂਸ ਵੋਟਿੰਗ 2, 3, 4, 6, 9, 10, 11 ਅਤੇ 13 ਅਕਤੂਬਰ, 2018 ਨੂੰ ਹੋਵੇਗੀ। ਸਥਾਨਾਂ ਦੀ ਇੱਕ ਪੂਰੀ ਸੂਚੀ ਹੇਠਾਂ ਮੁਹੱਈਆ ਕੀਤੀ ਗਈ ਹੈ। ਮਤਦਾਤਾ ਆਪਣੇ ਘਰ ਦੇ ਨੇੜੇ ਐਡਵਾਂਸ ਵੋਟਿੰਗ ਸਥਾਨ ਲੱਭਣ ਲਈ brampton.ca/bramptonvotes 'ਤੇ interactive tool (ਇੰਟਰਐਕਟਿਵ ਟੂਲ) ਦੀ ਵਰਤੋਂ ਕਰ ਸਕਦੇ ਹਨ।

**ਐਡਵਾਂਸ ਵੋਟਿੰਗ ਸਥਾਨ**

ਮੰਗਲਵਾਰ ਤੋਂ ਵੀਰਵਾਰ, 2-4 ਅਕਤੂਬਰ, ਸਵੇਰੇ 8:30 ਵਜੇ ਤੋਂ ਰਾਤ 8 ਵਜੇ ਤੱਕ

- ਬ੍ਰੈਂਪਟਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ
  (Brampton City Hall, 2 Wellington St W)

ਸ਼ਨੀਵਾਰ, 6 ਅਕਤੂਬਰ ਅਤੇ ਸ਼ਨੀਵਾਰ, 13 ਅਕਤੂਬਰ, ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ

- ਬ੍ਰੈਂਪਟਨ ਸਿਟੀ ਹਾਲ, 2 ਵੈਲਿੰਗਟਨ ਸਟ੍ਰੀਟ ਵੈਸਟ
  (Brampton City Hall, 2 Wellington St W)
- ਬ੍ਰੈਂਪਟਨ ਸੌਕਰ ਸੈਂਟਰ, 1495 ਸੈਂਡਲਵੁਡ ਪਾਰਕਵੇ ਈਸਟ
  (Brampton Soccer Centre, 1495 Sandalwood Pkwy E)
- ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ, 1050 ਸੈਂਡਲਵੁਡ ਪਾਰਕਵੇ ਵੈਸਟ
  (Cassie Campbell Community Centre, 1050 Sandalwood Pkwy W)
- ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ, 340 ਵੋਡਨ ਸਟ੍ਰੀਟ ਈਸਟ
  (Century Gardens Recreation Centre, 340 Vodden St E)
- ਡੇਵਿਡ ਸੁਜ਼ੁਕੀ ਸੈਕੰਡਰੀ ਸਕੂਲ, 45 ਡੇਵਿਸੇਲਮ ਡ੍ਰਾਈਵ
  (David Suzuki Secondary School, 45 Daviselm Dr)
- ਅਰਨਸਕਲਿਫ ਰੇਕ੍ਰੀਏਸ਼ਨ ਸੈਂਟਰ, 44 ਈਸਟਬੋਰਨ ਡ੍ਰਾਈਵ
  (Earnscliffe Recreation Centre, 44 Eastbourne Dr)
- ਗੋਰ ਮੇਡੋਜ ਕਮਿਊਨਿਟੀ ਸੈਂਟਰ, 10150 ਦ ਗੋਰ ਰੋਡ
  (Gore Meadows Community Centre, 10150 The Gore Rd)
- ਗ੍ਰੀਨਬ੍ਰਿਅਰ ਰੇਕ੍ਰੀਏਸ਼ਨ ਸੈਂਟਰ, 1100 ਸੈਂਟਰਲ ਪਾਰਕ ਡ੍ਰਾਈਵ
  (Greenbriar Recreation Centre, 1100 Central Park Dr)
- ਜਿਮ ਆਰਚਡੈਕਿਨ ਰੇਕ੍ਰੀਏਸ਼ਨ ਸੈਂਟਰ, 292 ਕੋਨੇਸਟੋਗਾ ਡ੍ਰਾਈਵ
  (Jim Archdekin Recreation Centre, 292 Conestoga Dr)
- ਸਾਊਥ ਫਲੈਚਰਸ ਸਪੋਰਟਸਪਲੈਕਸ, 500 ਰੇ ਲੋਸਨ ਬੁਲੇਵਾਰਡ
  (South Fletcher's Sportsplex, 500 Ray Lawson Blvd)

ਮੰਗਲਵਾਰ ਤੋਂ ਵੀਰਵਾਰ, 9-11 ਅਕਤੂਬਰ, ਸਵੇਰੇ 8:30 ਵਜੇ ਤੋਂ ਰਾਤ 8 ਵਜੇ ਤੱਕ

- ਸਿਵਿਕ ਸੈਂਟਰ, 150 ਸੈਂਟਰਲ ਪਾਰਕ ਡ੍ਰਾਈਵ
  (Civic Centre, 150 Central Park Dr )

ਐਡਵਾਂਸ ਵੋਟਿੰਗ ਦੀਆਂ ਕੁਝ ਤਾਰੀਖਾਂ ਥੈਂਕਸਗਿਵਿੰਗ (Thanksgiving) ਵੀਕੈਂਡ ਨੂੰ ਪੈਂਦੀਆਂ ਹਨ, ਇਹ ਸਾਰੇ ਮਤਦਾਤਾਵਾਂ ਨੂੰ ਵੋਟ ਪਾਉਣ ਲਈ ਵੱਧ ਸੁਵਿਧਾਜਨਕ ਬਣਾਉਂਦੀਆਂ ਹਨ, ਉਹਨਾਂ ਯੋਗ ਵਿਦਿਆਰਥੀਆਂ ਸਮੇਤ, ਜੋ ਲੰਮੇ ਵੀਕੈਂਡ ਲਈ ਘਰ ਜਾ ਸਕਦੇ ਹਨ। ਇਤਿਹਾਸਕ ਤੌਰ 'ਤੇ, ਨੌਜਵਾਨਾਂ (18-29 ਸਾਲ ਦੀ ਉਮਰ ਵਾਲੇ) ਵਿਚਕਾਰ ਮਤਦਾਤਾ ਮੌਜੂਦਗੀ ਸਾਰੇ ਯੋਗ ਮਤਦਾਤਾਵਾਂ ਦੇ ਮੁਕਾਬਲੇ ਕਾਫ਼ੀ ਘੱਟ ਰਹੀ ਹੈ। ਇਸ ਬਾਰੇ ਹੋਰ ਜਾਣਕਾਰੀ City's websit (ਸਿਟੀ ਦੀ ਵੈਬਸਾਈਟ) 'ਤੇ ਉਪਲਬਧ ਹੈ।

**ਵਾਧੂ ਸੁਰਖੀਆਂ**

- ਵੋਟਿੰਗ ਡੇ (Voting Day) ਸੋਮਵਾਰ, 22 ਅਕਤੂਬਰ, 2018 ਨੂੰ ਸਵੇਰੇ 10 ਵਜੇ ਤੋਂ ਰਾਤ 8 ਵਜੇ ਤੱਕ ਹੈ
- ਵੋਟ ਪਾਉਣ ਲਈ, ਕਿਸੇ ਵੀ ਐਡਵਾਂਸ ਵੋਟਿੰਗ ਸਥਾਨ ਵਿਖੇ, ਤੁਹਾਡਾ ਨਾਮ ਅਤੇ ਬ੍ਰੈਂਪਟਨ (Brampton) ਦਾ ਪਤਾ ਦਰਸਾਉਣ ਵਾਲਾ ਕੋਈ ਵੀ ਪਛਾਣ ਪੱਤਰ, ਅਤੇ ਵੋਟਰ ਨੋਟਿਸ (Voter Notice), ਜੋ ਤੁਸੀਂ ਕੈਨੇਡਾ ਪੋਸਟ (Canada Post) ਡਾਕ ਰਾਹੀਂ ਪ੍ਰਾਪਤ ਕੀਤਾ ਸੀ, ਲੈ ਕੇ ਆਓ।
- ਜੇਕਰ ਤੁਹਾਨੂੰ ਵੋਟਰ ਨੋਟਿਸ ਨਹੀਂ ਮਿਲਿਆ ਹੈ, ਤਾਂ ਤੁਸੀਂ ਵੋਟਰ ਸੂਚੀ (Voters' List) 'ਤੇ ਨਹੀਂ ਵੀ ਹੋ ਸਕਦੇ, ਪਰੰਤੂ ਵੋਟਿੰਗ ਸਥਾਨ 'ਤੇ ਤੁਹਾਨੂੰ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਤੁਹਾਡੇ ਲਈ required ID (ਲੋੜੀਂਦੀ ਆਈ.ਡੀ.) ਨਾਲ ਲਿਆਉਣਾ ਲਾਜ਼ਮੀ ਹੈ।
- ਜੇਕਰ ਤੁਸੀਂ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਜਾਂ ਔਨਲਾਈਨ ਆਪਣੀ ਜਾਣਕਾਰੀ ਅੱਪਡੇਟ ਕੀਤੇ ਜਾਣ ਦੀ ਬੇਨਤੀ ਕੀਤੀ ਹੈ, ਤਾਂ ਵੀ ਤੁਹਾਡੇ ਲਈ ਵੋਟਿੰਗ ਸਥਾਨ ਵਿਖੇ ਆਈ.ਡੀ. (ID) ਲਿਆਉਣਾ ਲਾਜ਼ਮੀ ਹੈ।
- ਸਾਰੇ ਐਡਵਾਂਸ ਵੋਟਿੰਗ ਸਥਾਨਾਂ ਵਿਖੇ ਵਰਤੋਂ ਲਈ ਪਹੁੰਚਯੋਗ ਵੋਟਿੰਗ ਯੂਨਿਟ ਉਪਲਬਧ ਹੋਵੇਗੀ।
- ਪਹਿਲੀ ਵਾਰ ਵੋਟ ਪਾਉਣ ਵਾਲੇ ਮਤਦਾਤਾਵਾਂ ਲਈ ਇਹ 'guide to voting'('ਵੋਟਿੰਗ ਲਈ ਗਾਈਡ') ਉਪਯੋਗੀ ਹੋ ਸਕਦੀ ਹੈ।
- ਜੇਕਰ ਤੁਸੀਂ ਐਡਵਾਂਸ ਵੋਟਿੰਗ ਵਾਲੇ ਦਿਨ ਜਾਂ ਵੋਟਿੰਗ ਡੇ ਨੂੰ ਵੋਟ ਪਾਉਣ ਨਹੀਂ ਆ ਸਕਦੇ, ਤਾਂ proxy voting (ਪ੍ਰੌਕਸੀ ਵੋਟਿੰਗ) ਬਾਰੇ ਹੋਰ ਜਾਣੋ।
- ਵੋਟਿੰਗ ਨਾਲ ਸਬੰਧਿਤ ਕਿਸੇ ਵੀ ਹੋਰ ਸਵਾਲਾਂ ਲਈ ਸਿਟੀ ਦੀ ਵੈਬਸਾਈਟ 'ਤੇ FAQ section (ਅਕਸਰ ਪੁੱਛੇ ਜਾਂਦੇ ਸਵਾਲ ਭਾਗ) ਦੇਖੋ।

**ਹਵਾਲਾ**

"ਜੋ ਮਤਦਾਤਾ ਜਲਦੀ ਵੋਟ ਪਾਉਣਾ ਚਾਹੁੰਦੇ ਹਨ, ਉਹਨਾਂ ਲਈ ਹੋਰ ਐਡਵਾਂਸ ਵੋਟਿੰਗ ਮੌਕੇ ਹਨ। ਵੋਟ ਪਾਉਣਾ ਸਾਡੇ ਸ਼ਹਿਰ ਨੂੰ ਬਿਹਤਰ ਬਣਾਉਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ, ਅਤੇ ਅਸੀਂ ਸਾਰੇ ਯੋਗ ਮਤਦਾਤਾਵਾਂ ਨੂੰ 2018 ਦੀਆਂ ਬ੍ਰੈਂਪਟਨ ਦੀਆਂ ਮਿਊਨਿਸਿਪਲ ਚੋਣਾਂ (2018 Brampton Municipal Election) ਵਿੱਚ ਵੋਟ ਪਾਉਣ ਲਈ, ਅਤੇ ਬ੍ਰੈਂਪਟਨ ਦੇ ਭਵਿੱਖ ਵਿੱਚ ਹੋਰ ਜੁੜਨ ਲਈ ਉਤਸ਼ਾਹਿਤ ਕਰਦੇ ਹਾਂ।"

- *ਪੀਟਰ ਫੇ (Peter Fay), 2018 ਦੀਆਂ ਬ੍ਰੈਂਪਟਨ ਦੀਆਂ ਮਿਊਨਿਸਿਪਲ ਚੋਣਾਂ ਲਈ ਸਿਟੀ ਕਲਰਕ ਐਂਡ ਰਿਟਰਨਿੰਗ ਅਫ਼ਸਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ।

media release

ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਰਿਲੇਸ਼ਨਸ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca